Diploma Programme
Programme du diplôme
Programa del Diploma

# Punjabi A: literature – Standard level – Paper 1
# Panjabi A : littérature – Niveau moyen – Épreuve 1
# Punyabí A: literatura – Nivel medio – Prueba 1

Wednesday 4 May 2016 (afternoon)
Mercredi 4 mai 2016 (après-midi)
Miércoles 4 de mayo de 2016 (tarde)

1 hour 30 minutes / 1 heure 30 minutes / 1 hora 30 minutos

---

### Instructions to candidates

- Do not open this examination paper until instructed to do so.
- Write a guided literary analysis on one passage only. In your answer you must address both of the guiding questions provided.
- The maximum mark for this examination paper is **[20 marks]**.

### Instructions destinées aux candidats

- N'ouvrez pas cette épreuve avant d'y être autorisé(e).
- Rédigez une analyse littéraire dirigée d'un seul des passages. Les deux questions d'orientation fournies doivent être traitées dans votre réponse.
- Le nombre maximum de points pour cette épreuve d'examen est de **[20 points]**.

### Instrucciones para los alumnos

- No abra esta prueba hasta que se lo autoricen.
- Escriba un análisis literario guiado sobre un solo pasaje. Debe abordar las dos preguntas de orientación en su respuesta.
- La puntuación máxima para esta prueba de examen es **[20 puntos]**.



2216 – 0627

© International Baccalaureate Organization 2016

International Baccalaureate
Baccalauréat International
Bachillerato Internacional

https://xtremepape.rs/

ਸਿਰਫ਼ ਇੱਕ ਬੰਦ ਦਾ ਨਿਰਦੇਸ਼ਿਤ ਸਾਹਿਤਕ ਵਿਸ਼ਲੇਸ਼ਣ ਕਰੋ। ਆਪਣੇ ਉੱਤਰ ਵਿੱਚ ਤੁਹਾਨੂੰ ਨਿਰਦੇਸ਼ਨ ਕਰਦੇ ਦਿੱਤੇ ਹੋਏ ਦੋਹਾਂ ਸਵਾਲਾਂ ਬਾਰੇ ਜ਼ਰੂਰ ਲਿਖਣਾ ਚਾਹੀਦਾ ਹੈ।

**1.**

"ਬਾਪੂ ਤੈਨੂੰ ਇਕ ਗੱਲ ਦਸਾਂ ?" ਚਾਰ ਚੁਫੇਰੇ ਕੁਝ ਸ਼ੱਕ ਭਰੀਆਂ ਨਜ਼ਰਾਂ ਨਾਲ ਤੱਕਦਿਆਂ ਭਿੱਲੀ ਨੇ ਹੌਲੀ ਦੇਣੇ ਆਖਿਆ, ਜਿਵੇਂ ਕੋਈ ਬੜੀ ਭੇਤ–ਭਰੀ ਗੱਲ਼ ਦੱਸਣ ਲਗੀ ਹੋਵੇ।

"ਦੱਸ ਬੱਚਾ।" ਧਰਮ ਸਿੰਘ ਨੇ ਮੁਸਕਾਣ ਦਾ ਯਤਨ ਕਰਦਿਆਂ ਆਖਿਆ।

"ਬੇਬੇ ਤੇ ਭੰਤਾ ਬਾਈ ਪਰਸੋ ਹੌਲੀ ਹੌਲੀ ਗੱਲਾਂ ਕਰੀ ਜਾਂਦੇ ਸੀ; ਹੈਂ... ਤੇ ਬੇਬੇ ਆਂਹਦੀ ਸੀ ਬਈ ਤੂੰ ਆਵਦੇ ਪਿਉ ਤੋਂ ਜ਼ਮੀਨ ਵੰਡਾ ਕੇ ਅਡ ਹੋ ਜਾ, ਨਹੀ ਤਾਂ ਉਹ ਸਾਰੀ ਲੋਕਾਂ ਨੂੰ ਖੁਆ–ਦੂ–ਗਾ, ਹੈਂ... ਤੇ ਭੰਤਾ ਬਾਈ ਆਹਦਾ ਸੀ ਆਪਾਂ ਸਾਰੇ ਇਕ ਪਾਸੇ –ਹੋ–ਜੀਏ ਉਹਨੂੰ ਵਾੜੇ 'ਚ ਕੋਠੜਾ ਛੱਤ ਦਿਆਂਗੇ, ਆਪੇ ਓਥੇ ਬੈਠਾ ਕੁੱਤੇ ਸ਼ਿਸ਼ਕਾਰੀ ਜਾਇਆ ਕਰੂ, ਹੈਂ... ਹੈਂ ਬਾਪੂ ਤੂੰ ਫੇਰ ਕੋਠੇੜੇ 'ਚ ਰਿਹਾ ਕਰੇਂਗਾ, ਐਥੇ ਬਾਹਰਲੇ ਘਰੇ ?"

ਧਰਮ ਸਿੰਘ ਦਾ ਗੱਚ ਭਰ ਆਇਆ ਸੀ। ਭਿੱਲੀ ਦੇ ਇਕ–ਇਕ ਸ਼ਬਦ ਨਾਲ, ਉਹਦੇ ਅੰਦਰ ਕਈ–ਕਈ ਵਿਚਾਰ ਆ ਕੇ ਗੁੰਦੇ ਗਏ ਸਨ। ਜਦੋਂ ਭਿੱਲੀ ਨੇ ਆਪਣੀ ਗੱਲ ਮੁਕਾਈ ਤਾਂ ਇਹਨਾਂ ਵਿਚਾਰਾਂ ਦੇ ਅਸਰ ਹੇਠੋਂ, ਸਾਰਾ ਜ਼ੋਰ ਲਾ ਕੇ ਉਹ ਮਸਾਂ ਨਿਕਲ ਸਕਿਆ ਤੇ ਬਣਾਉਟੀ ਮੁਸਕਾਨ ਨਾਲ ਬੋਲਿਆ:

"ਲੈ ਆਪਣਾ ਕੀ ਐ ਧੀਏ, ਐਥੇ ਰਹਿ ਪਿਆ ਕਰਾਂਗੇ।"

"ਤੇ ਐਥੇ ਤਾਂ ਬਾਪੂ ਡਰ ਲਗਿਆ ਕਰੂ ਤੈਨੂੰ ਕੱਲੇ ਨੂੰ।"

"ਮੇਰੀ ਧੀ ਭਿੱਲੀ ਜੋ ਮੇਰੇ ਕੋਲ ਹੋਇਆ ਕਰੂ।"

"ਹਾ ! ਚੰਗਾ, ਫੇਰ ਮੈਂ ਆ ਜਿਆ ਕਰੂੰ।" ਇਹ ਗੱਲ ਭਿੱਲੀ ਨੇ ਏਡੇ ਵਿਸ਼ਵਾਸ ਨਾਲ ਆਖੀ ਕਿ ਧਰਮ ਸਿੰਘ ਨੂੰ ਏਡੇ ਗੰਭੀਰ ਵਿਚਾਰਾਂ ਦੀ ਪਕੜ ਵਿਚ ਹੁੰਦਿਆਂ ਵੀ ਹਾਸੀ ਆ ਗਈ।

"ਚੰਗਾ ਬਾਪੂ ਤੂੰ ਰੋਟੀ ਖਾ ਲੈ, ਮੈ ਏਥੇ ਥਾਂ ਸੰਭਰ ਦਿਆਂ, ਕੂੜਾ ਈ ਕੂੜਾ ਪਿਐ ਏਥੇ ਤਾਂ... ਪਤਾ ਨ੍ਹੀਂ ਭਾਬੀ ਤੇ ਬੇਬੇ ਏਥੇ ਆ ਕੇ ਕੀ ਕਰਦੀਐਂ। ਵੇਖ ਤਾਂ ਸਈ ਕਿਵੇ ਗੰਦ ਈ ਗੰਦ ਖਿਲਰਿਐ।" ਭਿੱਲੀ ਬੋਲਦੀ–ਬੋਲਦੀ ਉਠ ਕੇ ਚਲੀ ਗਈ ਤੇ ਬਹੁਕਰ ਫੜ ਕੇ ਛੱਪਰ ਹੇਠੋਂ ਥਾਂ ਸੰਭਰਨ ਲੱਗ ਪਈ।

ਧਰਮ ਸਿੰਘ ਕਿੰਨਾ ਚਿਰ ਆਪਣੀ ਏਡੀ ਸਚਿਆਰੀ ਧੀ ਵੱਲ ਵੇਂਹਦਾ ਰਿਹਾ ਤੇ ਫੇਰ ਉਹਦੀਆਂ ਅਖਾਂ ਵਿਚੋਂ ਦੋ ਮੋਟੇ ਹੰਝੂ ਕਿਰ ਕੇ ਉਹਦੀਆ ਸੰਘਣੀਆਂ ਮੁੱਛਾਂ ਵਿਚ ਗੁਆਚ ਗਏ। ਰੋਟੀ ਉਹਨੇ ਚੁੱਕ ਕੇ ਪਾਸੇ ਰੱਖ ਦਿੱਤੀ ਤੇ ਨੀਵੀਂ ਪਾਂ ਕੇ ਗਰੂਨੇ ਕੱਢਦਿਆਂ ਮੁੜ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ।

"ਬਾਪੂ ਮੈਂ ਰੋਜ਼ ਸੰਭਰ ਕੇ ਜਾਇਆ ਕਰੂੰ", ਭਿੱਲੀ ਨੇ ਸੰਭਰਦਿਆਂ ਆਖਿਆ, "ਫੇਰ ਆਪਾਂ ਏਥੇ ਈ ਪੈ–ਜਿਆ ਕਰਾਗੇ–ਚੰਗਾ ਬਾਪੂ ?"

"ਚੰਗਾ ਪੁੱਤ।" ਧਰਮ ਸਿੰਘ ਨੇ ਬਿਨਾਂ ਓਧਰ ਤੱਕਿਆਂ ਜੁਆਬ ਦਿਤਾ ਤੇ ਗਰੂਨੇ ਕੱਢੀ ਗਿਆ।

ਭਿੱਲੀ ਥਾਂ ਸੰਭਰ ਕੇ ਮੁੜ ਆਈ ਤੇ ਧਰਮ ਸਿੰਘ ਕੋਲ ਆ ਕੇ ਫੇਰ ਪਹਿਲਾ ਵਾਂਗ ਈ ਬਹਿ ਗਈ, ਘੱਟੇ ਨਾਲ ਉਹਦਾ ਸਾਰਾ ਸਿਰ ਭਰ ਗਿਆ ਸੀ ਤੇ ਉਤੇ ਜੰਮੀ ਧੂੜ ਕਰ ਕੇ ਝਿੰਮਣੀਆਂ ਬੱਗੀਆਂ ਬੱਗੀਆਂ ਹੋ ਗਈਆਂ ਸਨ। ਪਰ ਭਿੱਲੀ ਦੇ ਚਿਹਰੇ ਉਤੇ, ਕੀਤੇ ਕੰਮ ਦੀ ਤਸੱਲੀ ਭਰੀ ਮੁਸਕਾਨ ਸੀ। ਉਸ ਮੁਸਕਾਂਦਿਆਂ ਪੁੱਛਿਆ:

"ਬਾਪੂ ਰੋਟੀ ਖਾ–ਲੀ ?"

"ਨਹੀਂ ਪੁੱਤ, ਅਜੇ ਭੁੱਖ ਨੀ।"

"ਚੰਗਾ ਭਾਂਡੇ ਮੈ ਫੇਰ ਲ਼ੈ–ਜੂੰ... ਜਾਨੀ ਐ ਫੇਰ ਜੇ ਚਿਰ ਲੱਗ ਗਿਆ ਤਾਂ ਐਵੇਂ ਬੇਬੇ ਚਿਰੜ ਚਿਰੜ ਕਰੂਗੀ– ਦੇਖੀਂ ਬਾਪੂ ਆਪ ਤਾਂ ਕੰਮ ਦਾ ਡੱਕਾ ਨ੍ਹੀ ਤੋੜਦੀ, ਜਾਂ ਭਾਬੀ ਨੂੰ ਆਕੜ ਆਕੜ ਪਈ ਜਾਊ ਜਾਂ ਮੈਨੂੰ ਵਢੂੰ–ਖਾਊਂ ਕਰੀ ਜਾਊ। ਮੈ ਬਾਪੂ ਭਲਾ ਕਿਹੜੇ ਵੇਲੇ ਸਕੂਲ ਜਾਵਾਂ, ਕਿਹੜੇ ਵੇਲੇ ਕੰਮ ਕਰਾ ?"

"ਕੋਈ ਨ੍ਹੀ ਪੁੱਤ: ..." ਬੜੀ ਉਦਾਸ ਤੇ ਬੇਧਿਆਨੀ ਵਿਚ ਧਰਮ ਸਿੰਘ ਨੇ ਉਹਨੂੰ ਦਿਲਾਸਾ ਦਿਤਾ।

ਭਿੱਲੀ ਦੇ ਘਰ ਨੂੰ ਮੁੜਨ ਪਿਛੋ ਧਰਮ ਸਿੰਘ ਦੇ ਮਨ ਵਿਚ ਵਿਚਾਰਾਂ ਦਾ ਇਕ ਸੰਘਰਸ਼ ਛਿੜ ਪਿਆ। ਇਹ ਵਿਚਾਰ ਉਹਨੂੰ ਸੰਘਣੇ ਕਾਲੇ ਬੱਦਲਾਂ ਵਾਂਗ ਜਾਪਦੇ ਸਨ ਜਿਨ੍ਹਾਂ ਵਿਚੋਂ ਚਾਨਣ ਦੀ ਕੋਈ ਵੀ ਲੀਕ ਆਉਂਦੀ ਨਹੀ ਸੀ ਦਿਸਦੀ ਤੇ ਏਸ ਹਨੇਰ–ਘੁੱਪ ਵਿਚ ਧਰਮ ਸਿੰਘ ਦੀ ਸਾਰੀ ਉਮਰ ਦੀ ਹੱਡ–ਤੋੜਵੀਂ ਮਿਹਨਤ ਤੇ ਸੋਭਾ ਗੁਆਚਦੀ ਜਾਪਦੀ ਸੀ।

ਮੜ੍ਹੀ ਦਾ ਦੀਵਾ, *ਗੁਰਦਿਆਲ ਸਿੰਘ* (1993)

(ੳ) ਉਪਰੋਕਤ ਪਹਿਰੇ ਵਿੱਚ ਲੇਖਕ ਨੇ ਪਿਓ ਅਤੇ ਧੀ ਦਰਮਿਆਨ ਕਿਸ ਤਰ੍ਹਾਂ ਦੇ ਰਿਸ਼ਤੇ ਨੂੰ ਪੇਸ਼ ਕੀਤਾ ਹੈ ?

(ਬ) ਉਪਰੋਕਤ ਪਹਿਰੇ ਵਿੱਚ ਪੰਜਾਬੀ ਪੇਂਡੂ ਜੀਵਨ ਦੀ ਜੋ ਤਸਵੀਰ ਪ੍ਰਗਟ ਹੁੰਦੀ ਹੈ, ਬਾਰੇ ਚਰਚਾ ਕਰੋ।

https://xtremepape.rs/

**2.**

**ਛੱਤੋ ਦੀ ਬੇਰੀ**

ਉਹ ਕਿੱਧਰ ਗਏ ਦਿਹਾੜੇ ?
ਜਦ ਛੱਤੋ ਦੇ ਪਿਛਵਾੜੇ,
ਸਾਂ ਬੇਰ ਛੱਤੋ ਦੇ ਢਾਂਹਦੇ,
ਹੱਸ-ਹੱਸ ਕੇ ਗਾਲ੍ਹਾਂ ਖਾਂਦੇ।
ਕਰ ਲਾਗੇ-ਲਾਗੇ ਸਿਰੀਆਂ,
ਉਹ ਬੇਰੀ ਥੱਲੇ ਬਹਿਣਾ।
ਥੋੜ੍ਹੀ ਜਿਹੀ ਘੁਰ-ਘੁਰ ਮਗਰੋਂ,
ਫਿਰ ਜਾ ਛੱਤੋ ਨੂੰ ਕਹਿਣਾ:
'ਛੇਤੀ ਕਰ ਬੇਬੇ ਛੱਤੋ !
ਤੈਨੂੰ ਸੱਦਦੀ ਭੂਆ ਸੱਤੋ।'
ਉਸ ਜਾਣਾ ਹੌਲੀ ਹੌਲੀ,
ਅਸਾਂ ਕਰ ਕੇ ਫੁਰਤੀ ਛੁਹਲੀ,
ਗਾਲ੍ਹੜ ਵਾਂਗੂੰ ਚੜ੍ਹ ਜਾਣਾ,
ਬੇਰਾਂ ਦਾ ਮੀਂਹ ਵਰ੍ਹਾਣਾ।
ਆਪੀਂ ਤਾਂ ਚੁਣ-ਚੁਣ ਖਾਣੇ,
ਛੁਹਰਾਂ ਨੂੰ ਦੱਬਕੇ ਲਾਣੇ:
ਬੱਚੂ ਹਰਨਾਮਿਆਂ ਖਾ ਲੈ !
ਸੰਤੂ ਡੱਬਾਂ ਵਿਚ ਖਾ ਲੈ !
ਖਾ ਖੂ ਕੇ ਥੱਲੇ ਲਹਿਣਾ,
ਫਿਰ ਬਣ ਵਰਤਾਵੇ ਬਹਿਣਾ,
ਕੁਝ ਵੰਡ ਕਰਾਈ ਲੈਣੀ,
ਕੁਝ ਕੰਡੇ-ਚੁਭਾਈ ਲੈਣੀ,
ਫੀਰ ਚੀਕ ਚਿਹਾੜਾ ਪਾਣਾ,
ਉੱਤੋ ਛੱਤੋ ਆ ਜਾਣਾ।
ਉਸ ਝੂਠੀ ਮੂਠੀ ਕੁਟਣਾ,
ਅਸੀਂ ਝੂਠੀ ਮੂਠੀ ਰੋਣਾ।
ਉਸ ਧੌਣ ਅਸਾਡੀ ਛੱਡਣੀ,
ਅਸਾਂ ਟੱਪ ਕੇ ਪਰ੍ਹੇ ਖਲੋਣਾ।
ਉਸ ਗਾਲ੍ਹਾਂ ਦੇਣੀਆਂ ਖੱਲ੍ਹ ਕੇ,
ਛੱਤੋ ਮਾਈ ਦੀਆਂ ਗਾਲ੍ਹਾਂ,
ਹਨ ਦੁੱਧ ਤੇ ਘਿਓ ਦੀਆਂ ਨਾਲਾਂ।…

ਪ੍ਰੋ. ਮੋਹਨ ਸਿੰਘ (1971)

(ੳ) ਇਸ ਕਵਿਤਾ ਵਿੱਚ ਕਵੀ ਆਪਣੇ ਬਚਪਨ ਨੂੰ ਕਿਵੇਂ ਯਾਦ ਕਰਦਾ ਹੈ। ਚਰਚਾ ਕਰੋ।

(ਬ) ਕਵੀ ਨੇ ਕਵਿਤਾ ਦੇ ਮੂਲ ਵਿਸ਼ੇ ਦੀ ਪੇਸ਼ਕਾਰੀ ਲਈ ਭਾਸ਼ਾ ਅਤੇ ਸਾਹਿਤਕ ਸ਼ੈਲੀ ਦੀ ਵਰਤੋਂ ਕਿਵੇਂ ਕੀਤੀ ਹੈ। ਚਰਚਾ ਕਰੋ।

https://xtremepape.rs/